# ਸ੍ਰੀ[੧] ਗੁਰੂ[੨] ਅਰਜਨ ਸਾਹਿਬ[੩]

## ਭੂਮਿਕਾ

ਸਿਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਸਾਹਿਬ (੧੪੬੯-੧੫੩੯ ਈਸਵੀ) ਨੇ ਰਖੀ ਸੀ। ਓਹਨਾਂ ਤੋਂ ਬਾਅਦ ਨੌਂ ਗੁਰੂ ਸਾਹਿਬਾਨ, ਗੁਰੂ ਅੰਗਦ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤਕ, ਹੋਏ। ਸਿਖ, ਗੁਰੂ ਸਾਹਿਬਾਨ ਲਈ ਸ਼ਬਦ "ਸਤਿਗੁਰੂ" ਵੀ ਵਰਤਦੇ ਹਨ ਜਿਸ ਦੇ ਅਰਥ ਹਨ "ਸੱਚਾ ਗੁਰੂ"। ਗੁਰੂ ਸਾਹਿਬਾਨ ਨੂੰ "ਸੱਚਾ ਪਾਤਸ਼ਾਹ" ਵੀ ਕਿਹਾ ਜਾਂਦਾ ਹੈ ਕਿਉਂ ਜੋ ਓਹ ਸੱਚੇ ਸਨ ਜਦ ਕਿ ਦੁਨਿਆਵੀ ਰਾਜੇ ਆਮ ਝੂਠੇ ਹੁੰਦੇ ਹਨ।

ਸ੍ਰੀ ਗੁਰੂ ਅਰਜਨ ਸਾਹਿਬ ਪੰਜਵੇਂ ਗੁਰੂ ਹੋਏ। ਸਾਰੇ ਗੁਰੂ ਸਾਹਿਬਾਨ ਇਕ ਜੋਤ ਸਨ। ਜਿਨ੍ਹਾਂ ਗੁਰੂ ਸਾਬਿਾਨ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਿ ਦਰਜ ਹੈ ਓਹ ਸਾਰੇ ਬਾਣੀ ਦਾ ਉਚਾਰਣ ਗੁਰੂ ਨਾਨਕ ਸਾਹਿਬ ਵੱਲੋਂ ਕਰਦੇ ਹਨ। ਸਾਰਿਆਂ ਵਿਚਿ ਗੁਰੂ ਨਾਨਕ ਸਾਹਿਬ ਵਾਲੀ ਹੀ ਜੋਤ ਪਰਗਟ ਸੀ, ਕੇਵਲ ਸਰੀਰ ਬਦਲਿਆ ਸੀ। ਏਸ ਕਰ ਕੇ ਗੁਰੂ ਅਰਜਨ ਸਾਹਿਬ ਨੂੰ ਪੰਜਵੇਂ ਨਾਨਕ ਵੀ ਕਿਹਾ ਜਾਂਦਾ ਹੈ। ਵਖਰੇ ਸਰੀਰਾਂ ਦੀ ਬਾਣੀ ਦੇ ਸਿਰਲੇਖ ਵਿਚਿ ਸ਼ਬਦ "ਮਹਲਾ" ਲਿਖਿਆ ਹੈ ਜਿਸ ਦੇ ਅਰਥ ਹਨ "ਸਰੀਰ"। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਦੀ ਬਾਣੀ ਦਾ ਸਿਰਲੇਖ "ਮਹਲਾ ੫" ਲਿਖਿਆ ਹੈ।

## ਸਤਿਗੁਰੂ ਅਰਜਨ ਸਾਹਿਬ ਜੀ ਦੀ ਜਗਤ ਫੇਰੀ

ਸ੍ਰੀ ਗੁਰੂ ਅਰਜਨ ਸਾਹਿਬ ੧੫੬੩ ਈਸਵੀ ਵਿਚ ਏਸ ਜਗਤ ਨੂੰ ਤਾਰਨ ਲਈ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਗਬ ਦੇ ਘਰ ਪਰਗਟ ਹੋਏ। ਏਹ ਤਿਨ ਭਰਾਂਵਾਂ ਵਿਚੋਂ ਸਭ ਤੋਂ ਛੋਟੇ ਸਨ। ਗੁਰੂ ਰਾਮਦਾਸ ਸਾਹਿਬ ਜੋਤੀ ਜੋਤ ਸਮਾਉਨ ਤੋਂ ਪਹਿਲਾਂ, ੧੫੮੧ ਵਿਚ, ਅਪਨੇ ਸਿਖਾਂ ਨੂੰ ਅਪਨੇ ਛੋਟੇ ਸੁਪੁਤ੍ਰ ਸ੍ਰੀ ਗੁਰੂ ਅਰਜਨ ਸਾਹਿਬ ਦੇ ਲੜ ਲਾ ਗਏ।

ਸ੍ਰੀ ਗੁਰੂ ਅਰਜਨ ਸਾਹਿਬ ਨੇ ਗੁਰੂ ਨਾਨਕ ਸਾਹਿਬ ਜੀ ਦੇ ਅਕਾਲ ਪੁਰਖ ਤੋਂ ਲਿਆਂਦੇ ਹੋਏ ਭਗਤੀ, ਪ੍ਰੇਮ, ਮਿਲਵਰਤਨ ਤੇ ਸੁਚੱਜੇ ਉਦਮ ਦੇ ਉਪਦੇਸ਼ ਨੂੰ ਸਾਰੀ ਦੁਨੀਆ ਵਿਚ, ਸਾਰੀ ਲੋਕਾਈ ਤਕ ਪਹੁੰਚਾਉਣ ਦਾ ਕਮ ਜਾਰੀ ਰਖਿਆ। ਓਹਨਾਂ ਸਾਰੀ ਜਨਤਾ ਦੀ ਸੇਵਾ ਬਿਨਾ ਜਾਤ ਪਾਤ, ਧਰਮ, ਅਉਹਦੇ ਜਾਂ ਕਿਸੇ ਹੋਰ ਵਿਤਕਰੇ ਦੇ ਕਰਨ ਦੀ ਅਪਨੇ ਸਿਖਾਂ ਲਈ ਮਿਸਾਲ ਕਾਇਮ ਕੀਤੀ। ਓਹਨਾਂ ਦੇ ਹਲੇਮੀ ਰਾਜ ਵਿਚ ਅਮ੍ਰਿਤਸਰ ਸ਼ਹਿਰ ਕਾਫ਼ੀ ਵਧਿਆ ਤੇ ਹਰਮੰਦਰ ਸਾਹਿਬ ਦੀ ਬਨਵਾਈ ਸੰਪੂਰਨ ਹੋਈ। ਓਹਨਾਂ ਕਰਤਾਰਪੁਰ, ਹਰਿਗੋਬਿੰਦਪੁਰ ਤੇ ਤਰਣਤਾਰਣ ਵਸਾਏ। ਏਹਨਾਂ ਸਾਰੀਆਂ ਥਾਂਵਾਂ ਹੁਨ ਤਕ ਕਾਇਮ ਹਨ ਤੇ ਸਿਖ ਕੌਮ ਦੇ ਸੁੰਦਰ ਕੇਂਦਰ ਹਨ।।

---

[੧] "ਸ੍ਰੀ" ਸਤਿਕਾਰ ਵਾਸਤੇ ਨਾਉ ਦੇ ਪਹਿਲੇ ਲਿਖਿਆ ਜਾਂਦਾ ਹੈ॥

[੨] "ਗੁਰੂ" ਸ਼ਬਦ ਹਿੰਦੋਸਤਾਨੀ ਬੋਲੀਆਂ ਵਿਚਿ ਆਮ ਸਿਖਿਆ ਦੇਨ ਵਾਲਿਆਂ ਲਈ ਵੀ ਵਰਤਿਆ ਜਾਂਦਾ ਹੈ ਪਰ ਸਿਖ ਧਰਮ ਵਿਚਿ ਏਸ ਦੇ ਅਰਥ ਬੜੇ ਗੰਭੀਰ ਹਨ। ਗੁਰੂ ਪਰਮਾਤਮਾ ਨਾਲ ਇਕ ਮਿਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਬਖ਼ਸ਼ਿਸ਼ ਕਰਦੇ ਹਨ "ਗੁਰੁ ਪਰਮੇਸਰੁ ਏਕੁ ਹੈ", "ਗੁਰੁ ਪਰਮੇਸਰੁ ਏਕੋ ਜਾਣੁ" ਅਤੇ "ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ"। ਪਰਮਾਤਮਾ ਅਦ੍ਰਿਸ਼ਟ ਤੇ ਅਜੂਨੀ ਹੈ ਪਰ ਗੁਰੂ ਸਿਖ ਨੂੰ ਸਿਖਿਆ ਬਖ਼ਸ਼ਦਾ ਹੈ, ਭਗਤੀ ਦਾ ਦਾਨ ਦੇਂਦਾ ਹੈ ਅਤੇ ਅਕਾਲ ਪੁਰਖ ਨਾਲ ਜੋੜਦਾ ਹੈ।

[੩] "ਸਾਹਿਬ" ਸਤਿਕਾਰ ਵਾਸਤੇ ਨਾਉ ਦੇ ਪਹਿਲੇ ਯਾਂ ਪਿਛੋਂ ਲਿਖਿਆ ਜਾਂਦਾ ਹੈ॥

## ਆਦ ਗ੍ਰੰਥ ਸਾਹਿਬ ਦੀ ਸਾਜਣਾ

ਸ਼ਾਇਦ ਗੁਰੂ ਸਾਹਿਬ ਦੀ ਏਹ ਸਭ ਤੋਂ ਵੱਢੀ ਬਖ਼ਸ਼ਿਸ਼ ਸੀ ਕਿ ਓਹਨਾਂ ਨੇ ਰੱਬੀ ਬਾਣੀ, ਜੇਹੜੀ ਓਹ ਆਪ ਲਿਆਏ ਤੇ ਜੇਹੜੀ ਓਹਨਾਂ ਤੋਂ ਪਹਿਲੇ ਚਾਰ ਗੁਰੂ ਸਾਹਿਬਾਨ ਲਿਆਏ, ਸਾਰੀ ਕੱਠੀ ਕਰ ਕੇ ਇਕ ਜਿਲਦ ਵਿਚ ਸੁਰਖਿਅਤ ਕਰ ਦਿੱਤੀ। ਏਸ ਵਿਚ ਓਹਨਾਂ ਕਈ ਹਿੰਦੂ ਤੇ ਮੁਸਲਮਾਨ ਭਗਤਾਂ ਦੀ ਚੋਣਵੀ ਬਾਣੀ ਵੀ ਰਖ ਲਈ। ਏਹਨਾਂ ਭਗਤਾਂ ਵਿਚ ਕਬੀਰ ਜੀ, ਫ਼ਰੀਦ ਜੀ, ਰਵਿਦਾਸ ਜੀ, ਨਾਮਦੇਵ ਜੀ, ਤ੍ਰਲੋਚਨ ਜੀ, ਧੱਨਾ ਜੀ, ਤੇ ਹੋਰ ਕਈ ਸ਼ਾਮਲ ਹਨ। ਕੁਝ ਭੱਟਾਂ ਦੀ ਬਾਣੀ ਗੁਰੂ ਸਾਹਿਬਾਨ ਦੀ ਉਸਤਤ ਵਿਚ ਉਚਾਰੀ ਹੋਈ ਵੀ ਦਰਜ ਕੀਤੀ। ਏਹ ਆਦ ਗ੍ਰੰਥ ਸਾਹਿਬ ਸਨ। ਬਾਅਦ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਰਜ ਹੋਈ ਤੇ ਸੰਪੂਰਨ ਗ੍ਰੰਥ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ, ਸੰਨ ੧੭੦੮ ਈਸਵੀ ਵਿਚ, ਅਪਨੇ ਜੋਤੀ ਜੋਤ ਸਮਾਉਨ ਤੋਂ ਪਹਿਲਾਂ ਸਿਖਾਂ ਦੇ ਸਦੀਵੀ ਗੁਰੂ ਐਲਾਨਿਆ। ਗੁਰੂ ਬਨਣ ਤੇ ਗ੍ਰੰਥ ਸਾਹਿਬ ਸਿਖ ਧਰਮ ਦੇ ਸਦੀਵੀ ਇਸ਼ਟ ਬਨੇ ਤੇ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਕਹਿ ਕੇ ਸਤਕਾਰੇ ਜਾਂਦੇ ਹਨ। ਅਰਦਾਸ ਵਿਚ ਇਹਨਾਂ ਨੂੰ ਦਸਾਂ ਪਾਤਸ਼ਾਹੀਆਂ ਦੀ ਜੋਤ ਕਹਿ ਕੇ ਬੇਨਤੀ ਕੀਤੀ ਜਾਂਦੀ ਹੈ।।

## ਗੁਰੂ ਅਰਜਨ ਸਾਹਿਬ ਦੀ ਸਿਖਿਆ ਚੋਣਵੇਂ ਬਚਨ

### *ੴ ਕਰਤਾ ਪੁਰਖ*

ਪਉੜੀ॥ ਹਰਿ ਏਕ ਨਿਰੰਜਨੁ ਗਾਈਐ ਸਭ ਅੰਤਰਿ ਸੋਈ॥
ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ॥
ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ॥
ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥
ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ॥੧॥ [ਪੰਨਾ ੭੦੬[੪]]

### *ਰਚਨਾ ਅਕਾਲ ਪੁਰਖ ਦਾ ਰੂਪ*

ਏਕ ਰੂਪ ਸਗਲੋ ਪਾਸਾਰਾ ॥ ਆਪੇ ਬਨਜੁ ਆਪਿ ਬਿਉਹਾਰਾ ॥ ੧ ॥
ਐਸੋ ਗਿਆਨ ਬਿਰਲੋ ਈ ਪਾਏ ॥ ਜਤ ਜਤ ਜਾਈਐ ਤਤ ਦ੍ਰਿਸਟਾਏ ॥੧॥ਰਹਾਉ॥
ਅਨਿਕ ਰੰਗ ਨਿਰਗੁਨ ਇਕ ਰੰਗਾ ॥ ਆਪੇ ਜਲ ਆਪ ਹੀ ਤਰੰਗਾ ॥ ੨ ॥
ਆਪ ਹੀ ਮੰਦਰੁ ਆਪਹਿ ਸੇਵਾ ॥ ਆਪ ਹੀ ਪੂਜਾਰੀ ਆਪ ਹੀ ਦੇਵਾ ॥ ੩ ॥
ਆਪਹਿ ਜੋਗ ਆਪ ਹੀ ਜੁਗਤਾ ॥ ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥੪॥੧॥੬॥ [ਪੰਨਾ ੮੦੩]

ਅਤੇ,

ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ॥
ਬੀਜੁ ਬੀਜੁ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ॥੩॥ [ਪੰਨਾ ੭੩੬]

### *ਜੀਵ-ਆਤਮਾ ਪਰਮਾਤਮਾ ਦਾ ਅੰਸ਼*

ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ ਰਹਾਉ ॥
ਨਾ ਇਹੁ ਬੂਢਾ ਨਾ ਇਹੁ ਬਾਲਾ॥ ਨਾ ਇਸੁ ਦੂਖੁ ਨਹੀ ਜਮਜਾਲਾ॥

---

[੪] ਪੰਨਾ ਨੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਾਪੇ ਵਾਲੀ ਬੀੜ ਦਾ ਹੈ।

ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥ ੧ ॥
ਨਾ ਇਸੁ ਉਸਨੁ ਨਾ ਇਸੁ ਸੀਤੁ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ॥
ਨਾ ਇਸੁ ਹਰਖੁ ਨਹੀ ਇਸੁ ਸੋਗੁ॥ ਸਭੁ ਕਿਛੁ ਇਸਕਾ ਇਹੁ ਕਰਨੈ ਜੋਗੁ॥ ੨ ॥
ਨਾ ਇਸੁ ਬਾਪੁ ਨਹੀ ਇਸੁ ਮਾਇਆ॥ ਇਹੁ ਅਪਰੰਪਰੁ ਹੋਤਾ ਆਇਆ ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ॥ ੩॥
ਤੀਨਿ ਗੁਣਾ ਇਕ ਸਕਤਿ ਉਪਾਇਆ॥ ਮਹਾ ਮਾਇਆ ਤਾਕੀ ਹੈ ਛਾਇਆ॥
ਅਛਲ ਅਛੇਦ ਅਭੇਦ ਦੀਇਆਲ॥ ਦੀਨ ਦਇਆਲ ਸਦਾ ਕਿਰਪਾਲ॥
ਤਾ ਕੀ ਗਤਿ ਮਿਤਿ ਕਛੂ ਨ ਪਾਇ॥ ਨਾਨਕ ਤਾ ਕੈ ਬਲਿ ਬਲਿ ਜਾਇ ॥੪॥ ੧੯॥੨੧॥ [ਪੰਨਾ ੮੬੮]

### *ਅਕਾਲ ਪੁਰਖ ਹੀ ਬੰਦੇ ਦਾ ਆਸਰਾ ਹੈ*

ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ॥
ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ॥
ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ॥
ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੇ ਰੰਗੁ॥
ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥ॥
ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ ਦਾਤਿਆ ਜਗ ਹਥੁ॥
ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ॥
ਸਤਿਗੁਰਿ ਸੰਤੁ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ॥
ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ॥
ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ॥੧॥ [ਪੰਨਾ ੯੫੮-੯੫੯]

### *ਮਨੁਖੇ ਜਨਮ ਦਾ ਮਨੋਰਥ*

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥
ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥
ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥ [ਪੰਨਾ ੧੨, ੩੭੮]

### *ਅਕਾਲ ਪੁਰਖ ਪਾਸ ਅਰਦਾਸ*

ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥
ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥
ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥੧॥
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥
ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥੨॥
ਕੁਦਰਤਿ ਕੀਮ ਨ ਜਾਣੀਐ ਵਡ ਵੇਪਰਵਾਹੁ ॥
ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥੩॥
ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥
ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥੩॥ [ਪੰਨਾ ੭੨੪]

### *ਭਗਤ ਨੂੰ ਸਭ ਵਿਚ ਪਰਮਾਤਮਾ ਦਿਸਦਾ ਹੈ*

ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥
ਕਰਣ ਕਰਾਵਨਹਾਰ ਸੁਆਮੀ ਆਪਨ ਹਾਥਿ ਸੰਜੋਗੀ॥ ੧ ॥
ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥

ਤਿਸਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ ਰਹਾਉ ॥
ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ॥
ਹਉਮੈ ਰੋਗਿ ਜਾਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ॥ ੨ ॥
[ਪੰਨਾ ੬੧੦]

ਅਤੇ,

ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨੁ ਤੇ ਛੁਟਕਾਏ॥
ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ॥ ੧ ॥
ਸਾਧ ਸੰਗਿ ਚਿੰਤ ਬਿਰਾਨੀ ਛਾਡੀ॥
ਅਹੰਬੁਧਿ ਮੋਹ ਮਨਬਾਸਨ ਦੇ ਕਰਿ ਗਡਹਾ ਗਾਡੀ॥ ੧ ॥ ਰਹਾਉ ॥
ਨਾ ਕੋ ਮੇਰਾ ਦੁਸਮਨ ਰਹਿਆ ਨਾ ਹਮ ਕਿਸਕੇ ਬੈਰਾਈ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥ ੨ ॥
ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥ ੩ ॥
ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ॥
ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ॥ ੪ ॥
੩ ॥ [ਪੰਨਾ ੬੭੧]

ਅਤੇ,

ਜੋ ਜੋ ਕੀਨੋ ਹਮ ਤਿਸ ਕੇ ਦਾਸ॥ ਪ੍ਰਭ ਮੇਰੇ ਕੋ ਸਗਲ ਨਿਵਾਸ॥
ਨਾ ਕੋ ਦੂਤ ਨਹੀ ਬੈਰਾਈ॥ ਗਲਿ ਮਿਲਿ ਚਾਲੇ ਏਕੈ ਭਾਈ॥ ੩ ॥ [ਪੰਨਾ
੮੮੭]

***ਸਾਰੇ ਧਰਮ ਪਰਮਾਤਮਾ ਦੇ ਬਣਾਏ ਹਨ***

ਪਉੜੀ॥ ਤੁਧੁ ਧਿਆਇਨਿ ਬੇਦ ਕਤੇਬਾ ਸਣੁ ਖੜੇ॥
ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ॥
ਬ੍ਰਹਮੇ ਤੁਧੁ ਧਿਆਇਨ੍ਹਿ ਇੰਦ੍ਰ ਇੰਦ੍ਰਾਸਣਾ॥
ਸੰਕਰ ਬਿਸਨ ਅਵਤਾਰ ਹਰਿ ਜਸ ਮੁਖਿ ਭਣਾ॥
ਪੀਰ ਪਿਕਾਮਬਰ ਸੇਖ ਮਸਾਇਕ ਅਉਲੀਏ॥
ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ॥
ਕੂੜਹੁ ਕਰੈ ਵਿਨਾਸੁ ਧਰਮੇ ਤਗੀਐ॥
ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ ॥ ੨ ॥ [ਪੰਨਾ ੫੧੮]

ਅਤੇ,

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥੧॥
ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥ ੧ ॥ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥੨॥
ਕੋਈ ਪੜੈ ਬੇਦ ਕੋਈ ਕਤੇਬ॥ ਕੋਈ ਓਢੈ ਨੀਲ ਕੋਈ ਸੁਪੇਦ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥ ਕੋਈ ਬਾਂਛੈ ਭਿਸਤੁ ਕੋਈ ਸੁਰਗਿੰਦੂ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ ੫ ॥ ੯
॥ [੮੮੫]

ਅਤੇ,

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥ ਸਦਾ ਸਮਾਲੇ ਕੋ ਨਹੀ ਖਾਲੀ॥
ਜੇਹੀ ਵਾਸਨਾ ਪਾਏ ਤੇਹੀ ਵਰਤੇ ਵਾਸੂ ਵਾਸੁ ਜਣਾਵਣਿਆ॥੫॥[ਪੰਨਾ ੧੧੮]

## ਸ਼ਹੀਦੀ

ਅਕਬਰ-ਏ-ਆਜ਼ਮ ਜੋ ਸੋਲ੍ਹਵੀਂ ਸਦੀ ਈਸਵੀ ਵਿਚ ਭਾਰਤ ਦਾ ਸ਼ਹਿਨਸ਼ਾਹ ਸੀ, ਇਕ ਦਰਿਆ-ਦਿਲ ਹਾਕਮ ਸੀ। ਓਹਦੇ ਰਾਜ ਵਿਚ ਸਿਖ ਧਰਮ ਚੰਗਾ ਵਧਿਆ ਫੁੱਲਿਆ ਤੇ ਬਹੁਤ ਲੋਕ ਧਾਰਮਕ ਅਗਵਾਈ ਤੇ ਸਿਖਿਆ ਲਈ ਗੁਰੂ ਸਾਹਿਬਾਨ ਕੋਲ ਹਾਜ਼ਰੀ ਭਰਨ ਲਗੇ। ੧੬੦੫ ਵਿਚ ਅਕਬਰ ਬਾਦਸ਼ਾਹ ਦੀ ਮੌਤ ਪਿਛੋਂ ਓਹਦਾ ਪੁੱਤਰ ਸਲੀਮ, ਜਹਾਂਗੀਰ ਦੇ ਨਾ ਹੇਠ, ਬਾਦਸ਼ਾਹ ਬਣਿਆ। ਜਹਾਂਗੀਰ ਇਸਲਾਮ ਦੇ ਅਤਵਾਦੀ ਧਾਰਮਕ ਅਤੇ ਕੁਝ ਈਰਖਾਵਾਦੀ ਹਿੰਦੂ ਅਨਸਰਾਂ ਦੇ ਪਰਭਾਵ ਹੇਠ ਆ ਗਿਆ ਤੇ ਹੁਕਮ ਜਾਰੀ ਕਰ ਦਿੱਤਾ ਕਿ ਸਿਖ ਧਰਮ ਝੂਠ ਦੀ ਦੁਕਾਨ ਹੈ। ਓਸ ਨੇ ਗੁਰੂ ਸਾਹਿਬ ਤੇ ਇਲਜ਼ਾਮ ਲਾਇਆ ਕਿ ਓਹਨਾਂ ਬਾਗੀ ਸ਼ਾਹਜ਼ਾਦਾ ਖ਼ੁਸਰੋ ਨੂੰ ਤਿਲਕ ਲਾਇਆ ਤੇ ਆਸ਼ੀਰਵਾਦ ਦਿਤਾ। ਏਹ ਝੂਠੇ ਇਲਜ਼ਾਮ ਲਾ ਕੇ ਹੁਕਮ ਦਿਤਾ ਕਿ ਗੁਰੂ ਸਾਹਿਬ ਨੂੰ ਸ਼ਹੀਦ ਕੀਤਾ ਜਾਵੇ ਤੇ ਓਹਨਾ ਦਾ ਪਰਵਾਰ ਤੇ ਜਾਇਦਾਦ ਜ਼ਬਤ ਕਰ ਕੇ ਮੁਰਤਜ਼ਾ ਖ਼ਾਨ, ਜੇਹੜਾ ਓਦੋਂ ਲਾਹੌਰ ਦਾ ਸੂਬੇਦਾਰ ਸੀ, ਦੇ ਹਵਾਲੇ ਕਰ ਦਿਤੇ ਜਾਨ। ਗੁਰੂ ਸਾਹਿਬ ਨੂੰ ਲਾਹੌਰ ਬੁਲਾਇਆ ਗਿਆ, ਤਸੀਹੇ ਦੇ ਕੇ ਸ਼ਹੀਦ ਕੀਤੇ ਗਏ ਤੇ ੩੦ ਮਈ ੧੬੦੬ ਨੂੰ ਓਹਨਾਂ ਦੇ ਸਰੀਰ ਨੂੰ ਰਾਵੀ ਦਰਿਆ ਵਿਚ ਰੋੜ੍ਹ ਦਿਤਾ ਗਿਆ। ਜ਼ਾਲਮ ਹੁਕਮਰਾਨਾਂ ਬਾਰੇ ਗੁਰੂ ਸਾਹਿਬ ਦਸਦੇ ਹਨਃ

ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ ਪਵਾੜੇ ॥
ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ ॥
ਆਇਆ ਹੁਕਮੁ ਪਾਰਬ੍ਰਹਮ ਕਾ ਛੋਡਿ ਚਲਿਆ ਏਕ ਦਿਹਾੜੇ ॥੨॥

ਅਤੇ ਸਿਖ ਨੂੰ ਨਾਮ ਜਪਨ ਦੀ ਤੇ ਭਾਣਾ ਮੰਨਣ ਦੀ ਸਿਖਿਆ ਦਿੰਦੇ ਹਨਃ

ਸਾਚ ਪਦਾਰਥੁ ਗੁਰਮੁਖਿ ਲਹਹੁ॥ਪ੍ਰਭ ਕਾ ਭਾਣਾ ਸਤਿ ਕਰਿ ਸਹਹੁ ॥੧॥
ਜੀਵਤ ਜੀਵਤ ਜੀਵਤ ਰਹਹੁ ॥ ਰਾਮ ਰਸਾਇਣੁ ਨਿਤ ਉਠਿ ਪੀਵਹੁ ॥
ਹਰਿ ਹਰਿ ਹਰਿ ਹਰਿ ਰਸਨਾ ਕਹਹੁ ॥੧॥ ਰਹਾਉ ॥
ਕਲਿਜੁਗ ਮਹਿ ਇਕ ਨਾਮਿ ਉਧਾਰੁ॥ਨਾਨਕੁ ਬੋਲੈ ਬ੍ਰਹਮ ਬੀਚਾਰੁ ॥੨॥
੧੧॥ [ਪੰਨਾ ੧੨੩੯]

***ਸ਼ਹੀਦੀ ਦਿਨ ਮਨਾਉਣਾ***

ਇਤਿਹਾਸ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਵਰਗੀਆਂ ਘਟ ਹੀ ਮਿਸਾਲਾਂ ਹਨ। ਸਿਰਫ਼ ਈਸਾ ਮਸੀਹ ਦਾ ਸੂਲੀ ਤੇ ਚੜ੍ਹਾਇਆ ਜਾਨਾ ਤੇ ਸੁਕਰਾਤ ਦਾ ਜ਼ਹਰ ਪਿਆ ਕੇ ਸ਼ਹੀਦ ਕੀਤਾ ਜਾਨਾ ਹੀ ਖ਼ਿਆਲ ਵਿਚਿ ਆਉਂਦੇ ਹਨ। ਇਕ ਅਖਾਲ ਪੁਰਖ ਦਾ ਪੁਜਾਰੀ, ਪਰਮਾਤਮਾ ਵਿਚ ਲੀਨ, ਪਰਮਾਤਮਾ ਦੇ ਪ੍ਰੇਮ ਦਾ ਸੁਨੇਹਾ ਲੋਕਾਈ ਨੂੰ ਦੇਨ ਵਾਲਾ ਤੇ ਜਨਤਾ ਵਿਚ ਪਰਸਪਰ ਪ੍ਰੇਮ ਦਾ ਪਰਚਾਰਕ ਸ਼ਹੀਦ ਕੀਤਾ ਗਿਆ ਸਿਰਫ਼ ਏਸ ਕਰ ਕੇ ਕਿ ਲੋਕ ਓਹਦੇ ਨਾਲ ਪ੍ਰੇਮ ਕਰਦੇ ਹਨ। ਸਿਖ ਗੁਰੂ ਅਰਜਨ ਸਾਹਿਬ ਨੂੰ ਸ਼ਾਂਤੀ ਦੇ ਪੁੰਜ, ਸ਼ਹੀਦਾਂ ਦੇ ਸਰਤਾਜ ਕਹਿ ਕੇ ਯਾਦ ਕਰਦੇ ਹਨ।

ਗੁਰੂ ਸਾਹਿਬ ਦੀ ਸ਼ਹੀਦੀ ਹਾੜ ਦੇ ਮਹੀਨੇ ਹੋਈ ਜਦੋਂ ਲਾਹੌਰ ਵਿਚ ਕਹਿਰਾਂ ਦੀ ਗਰਮੀ ਪੈਂਦੀ ਹੇ। ਗੁਰੂ ਸਾਹਿਬ ਦੇ ਸਰੀਰ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ, ਓਹਨਾਂ ਦੇ ਸਰੀਰ ਤੇ ਗਰਮ ਰੇਤ ਪਾਈ ਗਈ ਤੇ ਕੜਕਦੀ ਧੁਪ ਵਿਚ ਓਹਨਾਂ ਨੂੰ ਤਸੀਹੇ ਦਿਤੇ ਗਏ। ਏਹ ਯਾਦ ਕਰਕੇ ਸਿਖ ਸ਼ਹੀਦੀ ਦਿਨ ਨੂੰ ਅਰਦਾਸਾਂ ਕਰਦੇ ਹਨ, ਦੀਵਾਨ ਸਜਾ ਕੇ ਸੰਗਤਾਂ ਗੁਰਬਾਣੀ ਦਾ ਕੀਰਤਨ ਕਰਦੀਆਂ ਹਨ, ਤੇ ਜਲੂਸ ਦੇ ਰੂਪ ਵਿਚ ਨਗਰ ਕੀਰਤਨ ਹੁੰਦੇ ਹਨ। ਸਿਖ ਛਬੀਲਾਂ ਲਾ ਕੇ ਰਾਹ ਜਾਂਦਿਆ ਨੂੰ ਠੰਡਾ ਸ਼ਰਬਤ ਤੇ ਕੱਚੀ ਲੱਸੀ ਪਿਆਂਦੇ ਹਨ। ਅਜਕਲ ਦੇ ਸਮੇ ਵਿਚ ਕੂਲ-ਏਡ, ਸ਼ਕੰਜਵੀ, ਸੋਡਾ, ਤੇ ਠੰਡਾ ਪਾਣੀ ਵੀ ਵਰਤਾਇਆ ਜਾਂਦਾ ਹੈ।

੧ ੴ ਸਤਿਗੁਰ ਪ੍ਰਸਾਦਿ

# ਸ੍ਰੀ ਗੁਰੂ ਅਰਜਨ ਸਾਹਿਬ: ਪੰਜਵੇਂ ਨਾਨਕ - ਜੀਵਨ, ਸਿਖਿਆ ਅਤੇ ਸ਼ਹੀਦੀ

ਰਣਬੀਰ ਸਿੰਘ

ਸਿਖ ਐਜੂਕੇਸ਼ਨਲ ਐਂਡ ਰਿਲੀਜਸ ਫ਼ਾਉਂਡੇਸ਼ਨ
ਪਃ ਬਃ ੧੫੫੩, ਡਬਲਿਨ, ਓਹਾਇਓ ੪੩੦੧੭

*****

ਜੂਨ ੨੦੦੬

*****

ਪ੍ਰਕਾਸ਼ਕਃ

**ਵਰਲਡ ਸਿਖ ਕੌਂਸਲ - ਅਮੈਰਿਕਾ ਰਿਜਨ**
**ਪਃ ਬਃ ੩੬੩੫, ਕੋਲਮਬਸ, ਓਹਾਇਓ ੪੩੨੧੦**
**www.worldsikhcouncil.org**